# ਕੋਵਿਡ-19 ਦੇ ਟੀਕੇ:

# ਨਕਲੀ ਖਬਰਾਂ ਬਨਾਮ ਤੱਥ

## ਨਕਲੀ

**ਕੋਵਿਡ-19 ਟੀਕਾ ਲਗਵਾਉਣ ਨਾਲ ਤੁਹਾਨੂੰ ਕੋਵਿਡ-19 ਹੋ ਜਾਂਦਾ ਹੈ**

### ਤੱਥ

ਇੱਥੇ ਕਈ ਕਿਸਮ ਦੇ ਕੋਵਿਡ-19 ਟੀਕੇ ਹਨ। ਵਾਇਰਸ ਨੂੰ ਕਮਜੋਰ ਜਾਂ ਖਤਮ ਕਰਨ ਵਾਲੇ ਟੀਕੇ, ਐਮਆਰਐਨਏ ਟੀਕੇ, ਪ੍ਰੋਟੀਨ ਸਬਯੂਨਿਟ ਟੀਕੇ ਅਤੇ ਵਾਰ ਵਾਰ ਵਾਇਰਲ ਰੋਕਣ ਵਾਲੇ ਟੀਕੇ। ਇਹਨਾਂ ਟੀਕਿਆਂ ਵਿੱਚੋਂ ਕੋਈ ਵੀ ਤੁਹਾਨੂੰ ਕਰੋਨਾਵਾਇਰਸ ਨਹੀਂ ਦਿੰਦਾ, ਜਿਸ ਨਾਲ ਕੋਵਿਡ-19 ਹੁੰਦਾ ਹੈ। ਕੁਝ ਮਾਮਲਿਆਂ ਵਿੱਚ, ਕੁਝ ਲੋਕ ਕੋਵਿਡ-19 ਟੀਕਾਕਰਣ ਤੋਂ ਠੀਕ ਪਹਿਲਾਂ ਕਰੋਨਾਵਾਇਰਸ ਨਾਲ ਸੰਕਰਮਿਤ ਹੋਏ ਸਨ। ਉਹਨਾਂ ਨੂੰ ਟੀਕਾਕਰਣ ਨਾਲ ਕੋਵਿਡ -19 ਨਹੀਂ ਹੋਇਆ।

## ਨਕਲੀ

**ਕੋਵਿਡ-19 ਟੀਕੇ ਦੇ ਪ੍ਰਭਾਵ ਬੁਰੇ ਅਤੇ ਖ਼ਤਰਨਾਕ ਹਨ**

### ਤੱਥ

ਕੋਵਿਡ-19 ਟੀਕੇ ਦੇ ਕੁਝ ਬੁਰੇ ਪ੍ਰਭਾਵ ਹੋ ਸਕਦੇ ਹਨ, ਜਿਵੇਂ ਟੀਕੇ ਲੱਗੇ ਦਾ ਦਰਦ, ਸਿਰ ਦਰਦ, ਥਕਾਵਟ ਅਤੇ ਮਾਸਪੇਸ਼ੀਆਂ ਦੇ ਦਰਦ, ਪਰ ਬਹੁਗਿਣਤੀ ਵਿੱਚ ਇਹ ਸਭ ਬਹੁਤ ਥੋੜੀ ਦੇਰ ਲਈ ਹੈ, ਕੋਈ ਗੰਭੀਰ ਜਾਂ ਖਤਰਨਾਕ ਪ੍ਰਭਾਵ ਨਹੀਂ। ਥੋੜੇ ਜੋਖਮ ਤਾਂ ਹਨ, ਪਰ ਫ਼ਾਇਦੇ ਉਨਾਂ ਤੋਂ ਬਹੁਤ ਵੱਧ ਹਨ।

## ਨਕਲੀ

**ਕੁਝ ਲੋਕਾਂ ਦੀ ਮੌਤ ਕੋਵਿਡ-19 ਟੀਕਾਕਰਣ ਕਾਰਨ ਹੋਈ ਹੈ**

### ਤੱਥ

ਦੁਨੀਆ ਭਰ ਦੇ ਟੀਕੇ ਲਗਾਏ ਗਏ ਲੋਕਾਂ ਵਿਚੋਂ, ਸਿਰਫ 0.00045 ਪ੍ਰਤੀਸ਼ਤ ਦੀ ਮੌਤ ਹੋਈ ਅਤੇ ਇਨ੍ਹਾਂ ਮੌਤਾਂ ਦੀ ਜਾਂਚ ਕੀਤੀ ਜਾ ਰਹੀ ਹੈ। ਡਾਕਟਰੀ ਮਾਹਿਰਾਂ ਨੇ ਨੋਟ ਕੀਤਾ ਹੈ ਕਿ ਬਜੁਰਗ ਅਤੇ ਕਮਜੋਰ ਮਰੀਜਾਂ ਦੀ ਮੌਤ ਹੋਰ ਬਿਮਾਰੀਆਂ ਜਾਂ ਹੋਰ ਅਣਜਾਣ ਕਾਰਨਾਂ ਕਰਕੇ ਹੋਈ ਹੈ ਅਤੇ ਸੰਭਾਵਿਤ ਤੌਰ ਤੇ ਇਹ ਟੀਕਾ ਲਗਵਾਏ ਜਾਣ ਦੇ ਸਮੇਂ ਨਾਲ ਮੇਲ ਖਾਂਦਾ ਸੀ।

## ਨਕਲੀ

**ਕੋਵਿਡ-19 ਟੀਕਾ ਵਿਵਾਦਪੂਰਨ ਪਦਾਰਥਾਂ ਦੇ ਨਾਲ ਵਿਕਸਤ ਕੀਤਾ ਗਿਆ ਹੈ ਜਾਂ ਇਸ ਵਿੱਚ ਵਿਵਾਦਪੂਰਨ ਪਦਾਰਥ ਸ਼ਾਮਲ ਹਨ**

### ਤੱਥ

ਕੋਵਿਡ-19 ਟੀਕਿਆਂ ਵਿਚ ਐਮਆਰਐਨਏ ਅਤੇ ਹੋਰ ਆਮ ਟੀਕਿਆਂ ਦੇ ਤੱਤ ਹੁੰਦੇ ਹਨ, ਜਿਵੇਂ ਕਿ ਪੌਦੇ ਤੋਂ ਤਿਆਰ ਲਿਪਿਡ (ਜੋ ਐਮਆਰਐਨਏ ਦੀ ਰੱਖਿਆ ਕਰਦੇ ਹਨ), ਲੂਣ ਅਤੇ ਥੋੜ੍ਹੀ ਜਿਹੀ ਚੀਨੀ। ਕੋਵਿਡ-19 ਟੀਕੇ ਭਰੂਣ ਦੇ ਟਿਸ਼ੂ ਦੀ ਵਰਤੋਂ ਕਰਕੇ ਤਿਆਰ ਨਹੀਂ ਜਾਂਦੇ ਅਤੇ ਨਾ ਹੀ ਕੋਵਿਡ-19 ਟੀਕਿਆਂ ਵਿੱਚ ਇਮਪਲਾਂਟ, ਮਾਈਕਰੋ ਚਿੱਪ ਜਾਂ ਟਰੈਕਿੰਗ ਉਪਕਰਣ ਆਦਿ ਵਰਗੀ ਕੋਈ ਚੀਜ ਹੈ।

## ਨਕਲੀ

**ਗਰਭਵਤੀ ਔਰਤਾਂ, ਬੱਚੇ ਅਤੇ ਕਿਸੇ ਵੀ ਤਰ੍ਹਾਂ ਪਹਿਲਾਂ ਤੋਂ ਬਿਮਾਰ ਲੋਕ ਕੋਵਿਡ-19 ਟੀਕਾ ਨਹੀਂ ਲਗਵਾ ਸਕਦੇ**

### ਤੱਥ

ਮੈਡੀਕਲ ਮਾਹਰ ਸਲਾਹ ਦਿੰਦੇ ਹਨ ਕਿ ਗਰਭਵਤੀ ਔਰਤਾਂ ਜਿਨ੍ਹਾਂ ਨੇੜੇ ਕੋਵਿਡ-19 ਹੋਣ ਦਾ ਖਤਰਾ ਜਿਆਦਾ ਹੈ ਜਾਂ ਪਹਿਲਾਂ ਤੋਂ ਬਿਮਾਰ ਲੋਕਾਂ ਨੂੰ ਟੀਕਾ ਜਰੂਰ ਲਗਵਾਉਣਾ ਚਾਹੀਦਾ ਹੈ। ਹਾਲਾਂਕਿ, ਇਹਨਾਂ ਸ਼ੇਣੀਆਂ ਦੇ ਲੋਕਾਂ ਨੂੰ ਆਪਣੀ ਸਾਰੀ ਦਵਾਈ ਅਤੇ ਡਾਕਟਰੀ ਇਲਾਜ ਸਬੰਧੀ ਆਪਣੇ ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ।

## ਨਕਲੀ

**੧ ਮੈਨੂੰ ਪਹਿਲਾਂ ਹੀ ਕੋਵਿਡ -19 ਹੋ ਚੁੱਕਾ ਹੈ ਤਾਂ ਮੈਨੂੰ ਟੀਕਾ ਲਗਵਾਉਣ ਦੀ ਜਰੂਰਤ ਨਹੀਂ ਹੈ**

### ਤੱਥ

ਪੁਨਰ-ਸੰਕਰਮਣ ਦੀ ਉੱਚ ਦਰ ਹੈ, ਭਾਵ ਜੋ ਲੋਕ ਕੋਵਿਡ-19 ਤੋਂ ਠੀਕ ਹੋ ਚੁੱਕੇ ਹਨ ਉਨਾਂ ਨੂੰ ਕੋਵਿਡ-19 ਦੁਬਾਰਾ ਹੋਇਆ ਅਤੇ ਇਸੇ ਕਾਰਨ ਉਹ ਹਾਲੇ ਕੋਵਿਡ-19 ਨਾਲ ਲੜ ਸਕਣ ਯੋਗ ਨਹੀ ਹੋਏ । ਇਸ ਲਈ, ਹਰੇਕ ਨੂੰ ਟੀਕਾ ਲਗਵਾਉਣਾ ਚਾਹੀਦਾ ਹੈ, ਇੱਥੋਂ ਤੱਕ ਕਿ ਉਹ ਲੋਕ ਜਿਨ੍ਹਾਂ ਨੂੰ ਪਹਿਲਾਂ ਵੀ ਕੋਵਿਡ-19 ਹੋਇਆ ਸੀ।

## ਨਕਲੀ

**ਕੁਦਰਤੀ ਉਤਪਾਦ ਅਤੇ ਹਰਬਲ ਦਵਾਈ ਟੀਕੇ ਦਾ ਕੰਮ ਕਰ ਸਕਦੇ ਹਨ**

### ਤੱਥ

ਕੁਦਰਤੀ ਉਤਪਾਦ ਅਤੇ ਹਰਬਲ ਦਵਾਈ ਤੁਹਾਡੀ ਇਮਊਨ ਸਿਸਟਮ ਨੂੰ ਵਧਾਉਣ ਵਿਚ ਮਦਦ ਕਰ ਸਕਦੇ ਹਨ ਪਰ ਇਹ ਕੋਰੋਨਾਵਾਇਰਸ ਸੰਕਰਮਣ ਤੋਂ ਬਚਾ ਨਹੀ ਸਕਦੇ ਜਾਂ ਕੋਵਿਡ-19 ਨੂੰ ਠੀਕ ਨਹੀਂ ਕਰ ਸਕਦੇ।

## ਨਕਲੀ

**ਕੋਵਿਡ-19 ਦੁਆਰਾ ਸੰਕਰਮਿਤ ਹੋਣ ਤੋਂ ਬਾਅਦ ਕੁਦਰਤੀ ਤੌਰ ਤੇ ਇਮਊਨ ਸਿਸਟਮ ਠੀਕ ਕਰਨਾ ਟੀਕਾ ਲਗਵਾਉਣ ਨਾਲੋਂ ਵਧੀਆ ਹੈ**

### ਤੱਥ

ਤੱਥ ਇਹ ਹੈ ਕਿ ਲੋਕਾਂ ਨੂੰ ਮੁੜ ਦੁਬਾਰਾ ਦੂਜੀ ਵਾਰ ਵੀ ਕੋਵਿਡ-19 ਹੋ ਰਿਹਾ ਹੈ ਜਿਸਦਾ ਅਰਥ ਹੈ ਕਿ ਕੁਦਰਤੀ ਇਮਊਨ ਸਿਸਟਮ ਦੀ ਸੰਕਰਮਣ ਰੋਕ ਸਕਣ ਦੀ ਗਾਰੰਟੀ ਨਹੀਂ ਹੈ। ਇਸ ਤੋਂ ਇਲਾਵਾ, ਕੋਵਿਡ-19 ਲੰਬੇ ਸਮੇਂ ਲਈ ਸਿਹਤ ਉੱਤੇ ਪ੍ਰਭਾਵ (ਲੰਬੇ ਸਮੇਂ ਦਾ ਕੋਵਿਡ) ਦਾ ਕਾਰਨ ਬਣ ਸਕਦਾ ਹੈ ਹਾਲਾਂਕਿ ਇਸ ਦਾ ਅਜੇ ਅਧਿਐਨ ਕੀਤਾ ਜਾ ਰਿਹਾ ਹੈ। ਇਸ ਲਈ, ਲੰਬੇ ਸਮੇਂ ਦੇ ਕੋਵਿਡ ਦਾ ਜੋਖਮ ਲੈਣ ਨਾਲੋਂ ਟੀਕਾ ਲਗਵਾ ਲੈਣਾ ਜਿਆਦਾ ਬਿਹਤਰ ਹੈ। ਹੋਰ ਵੀ ਮਹੱਤਵਪੂਰਨ ਗੱਲ ਕਿ ਸਾਨੂੰ ਟੀਕਾ ਲਗਾਉਣ ਦੀ ਜਰੂਰਤ ਕੋਰੋਨਾ ਫੈਲਣ ਤੋਂ ਰੋਕਣ, ਸਿਹਤ ਸੰਭਾਲ ਪ੍ਰਣਾਲੀ ਉੱਤੇ ਬੋਝ ਘਟਾਉਣ ਅਤੇ ਦੂਜਿਆਂ ਦੀ ਮਦਦ ਕਰਨ ਲਈ ਹੈ।